IJCRT.ORG ISSN : 2320-2882

INTERNATIONAL JOURNAL OF CREATIVE RESEARCH THOUGHTS (IJCRT)

An International Open Access, Peer-reviewed, Refereed Journal

# ਨਾਟਕ ਸ਼ਾਇਰੀ : ਔਰਤ ਦੀ ਮੁਕਤੀ ਦਾ ਪ੍ਰਵਚਨ

ਅਮਰਿੰਦਰ ਕੌਰ

ਅਸਿਸਟੈਂਟ ਪ੍ਰੋਫੈਸਰ, ਪੋਸਟ ਗਰੈਜੁਏਟ, ਪੰਜਾਬੀ ਵਿਭਾਗ,ਖਾਲਸਾ ਕਾਲਜ ਫਾਰ ਵਿਮੈਨ, ਸਿਵਲ ਲਾਈਨਜ਼,ਲੁਧਿਆਣਾ |

**ਸਾਰ**

ਅਜੋਕੇ ਸਮੇਂ ਵਿੱਚ ਭਾਵੇਂ ਕਾਫ਼ੀ ਹੱਦ ਤੱਕ ਸੁਧਾਰ ਹੋ ਚੁੱਕਾ ਹੈ ਪਰ ਫਿਰ ਵੀ ਕਿਤੇ ਨਾ ਕਿਤੇ ਮਨੁੱਖੀ ਦਿਮਾਗ ਵਿੱਚ ਉਹੀ ਪੁਰਾਣੀ ਜਗੀਰਦਾਰੀ ਸਮਾਜ ਵਾਲੀ ਬਿਮਾਰ ਸੋਚ ਹਾਲੇ ਵੀ ਮੌਜੂਦ ਹੈ| ਅੱਜ ਦੇ ਯੁੱਗ ਵਿੱਚ ਨਾਰੀ ਚੇਤਨਾ, ਨਾਰੀਵਾਦ, ਨਾਰੀ ਸ਼ਕਤੀ ਆਦਿ ਵਿਸ਼ਿਆਂ ਤੇ ਖੁੱਲ ਕੇ ਗੱਲ ਹੋ ਰਹੀ ਹੈ ਤੇ ਔਰਤ ਨੂੰ ਮਰਦ ਦੇ ਪੈਰ ਦੀ ਜੁੱਤੀ ਸਮਝਣ ਦੀ ਬਜਾਏ ਮਰਦ ਦੀ ਬਰਾਬਰਤਾ ਹਾਸਲ ਹੋ ਰਹੀ ਹੈ ਪਰ ਇਹ ਸਭ ਕੁਝ ਹੋ ਉੱਪਰਲੀ ਪੱਧਰ ਤੇ ਹੀ ਰਿਹਾ ਹੈ| ਜਮੀਨੀ ਪੱਧਰ ਤੇ ਦੇਖਿਆ ਜਾਏ ਤਾਂ ਹਾਲੇ ਵੀ ਔਰਤ ਮਰਦ ਪ੍ਰਧਾਨ ਸਮਾਜ ਨਾਲ ਟੱਕਰ ਲੈਂਦੀ ਹੈ ਤੇ ਉਸ ਦੀ ਸ਼ਾਲਾਘਾ ਹੋ ਰਹੀ ਹੈ ਪਰ ਮਰਦਾਵੀਂ ਸੋਚ ਨੂੰ ਅਜੇ ਵੀ ਇਹ ਦਿਲੋਂ ਸਵੀਕਾਰ ਨਹੀਂ ਹੈ| ਸੋ ਹਥਲੇ ਪੇਪਰ ਵਿੱਚ ਵੀ ਸਵਰਾਜਬੀਰ ਦੇ ਨਾਟਕ ਸ਼ਾਇਰੀ ਰਾਹੀਂ ਔਰਤ ਦੇ ਮਰਦ ਕੇਂਦਰਿਤ ਸਮਾਜ ਵਿੱਚ ਸੰਘਰਸ਼, ਜ਼ੋਰ ਤੇ ਜਬਰ ਦਾ ਸ਼ਿਕਾਰ ਹੋਣਾ, ਔਰਤ ਨੂੰ ਭੋਗ ਵਿਲਾਸ ਦੀ ਵਸਤੂ ਸਮਝੇ ਜਾਣਾ ਅਤੇ ਉਸਦੀ ਹੋਂਦ ਉੱਤੇ ਉੱਠੇ ਸਵਾਲਾਂ ਰਾਹੀਂ ਤਤਕਾਲਿਤ,ਸਮਾਜਿਕ ਯਥਾਰਥ ਦਾ ਪ੍ਰਗਟਾਵਾ ਕਰਦਿਆਂ ਵਿਭਿੰਨ ਪ੍ਰਸਥਿਤੀਆਂ ਵਿੱਚ ਔਰਤ ਦੀ ਆਪਣੀ ਹੋਂਦ ਪ੍ਰਤੀ ਚੇਤਨਤਾ ਅਤੇ ਦਾਬੇ ਦੀ ਵਿਰੋਧਤਾ ਬਾਰੇ ਚਰਚਾ ਕੀਤੀ ਗਈ ਹੈ |

**ਵਿਸ਼ੇਸ਼ ਸ਼ਬਦ :** ਮਰਦ ਕੇਂਦਰਿਤ ਸੱਤਾ,ਮਿਥਿਹਾਸਿਕ,ਬਿਰਤਾਂਤ, ਹੋਂਦਮੂਲਕ, ਸਰੋਕਾਰ, ਫਿਊਡਲੀ ਸਮਾਜ

ਨਾਟਕੀ ਖੇਤਰ ਵਿੱਚ ਸਵਰਾਜਬੀਰ ਚੌਥੀ ਪੀੜੀ ਦਾ ਸਿਰਕੱਢ ਨਾਟਕਕਾਰ ਹੈ | ਜਿਸਨੇ ਆਪਣੇ ਨਾਟਕਾਂ ਕ੍ਰਿਸ਼ਨ,ਧਰਮਗੁਰੂ,ਮੇਦਨੀ, ਸ਼ਾਇਰੀ,ਮੱਸਿਆ ਦੀ ਰਾਤ, ਹੱਕ, ਕਲੱਰ ਆਦਿ ਰਾਹੀਂ ਪੰਜਾਬੀ ਨਾਟਕ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਪਾਇਆ| ਨਾਟਕਕਾਰਾਂ ਦੀ ਚੌਥੀ ਪੀੜੀ ਜੋ ਕਿ ਇਤਿਹਾਸਿਕ, ਮਿਥਿਹਾਸਿਕ ਤੇ ਸਮਕਾਲੀ ਸਮਾਜ ਨੂੰ ਬੜੀ ਬਰੀਕੀ ਨਾਲ ਪੇਸ਼ ਕਰਦੀ ਹੈ |ਉਸੇ ਤਰ੍ਹਾਂ ਸਵਰਾਜਬੀਰ ਵੀ ਆਪਣੇ ਨਾਟਕਾਂ ਰਾਹੀਂ ਇਤਿਹਾਸ ਤੇ ਮਿਥਿਹਾਸ ਨੂੰ ਵਰਤਮਾਨ ਪ੍ਰਸੰਗਾਂ ਵਿੱਚ ਰੱਖ ਕੇ ਪੇਸ਼ ਕਰਦਾ ਹੈ |ਇੱਥੇ ਡਾ. ਰਜਨੀਸ਼ ਬਹਾਦਰ ਦੇ ਵਿਚਾਰ ਗੌਲਣਯੋਗ ਹਨ ਕਿ

*"ਸਵਰਾਜਬੀਰ ਦੇ ਨਾਟਕਾਂ ਦੀ ਟੈਕਸਟ ਵਿੱਚ ਮਿਥਿਹਾਸ, ਇਤਿਹਾਸ ਅਤੇ ਸਮਕਾਲ ਉਸਦੇ ਪ੍ਰੇਰਕਾਂ ਦੇ ਮੁੱਖ ਸਰੋਤ ਹਨ ਜਿਨਾਂ ਵਿੱਚੋਂ ਆਰਥਿਕਤਾ, ਸਮਾਜਿਕ ਹੋਂਦ ਅਤੇ ਸਮਾਜਿਕ ਨਿਆਂ ਦੇ ਮਸਲੇ ਪ੍ਰਮੁੱਖ ਹਨ| ਇਹਨਾਂ ਪ੍ਰੇਰਕਾਂ ਕਰਕੇ ਉਸਦਾ ਨਾਟਕੀ ਵਰਤਾਰਾ ਮਿਥਿਹਾਸ ਅਤੇ ਇਤਿਹਾਸਿਕ ਖੰਡਾਂ ਦੀ ਚੋਣ ਕਰਦਾ ਹੈ|"* [1]

ਸਵਰਾਜਬੀਰ ਦਾ ਨਾਟਕ ਸ਼ਾਇਰੀ ਵੀ ਇਤਿਹਾਸਿਕ, ਦਾਰਸ਼ਨਿਕ ਅਤੇ ਵਿਚਾਰਧਾਰਕ ਸੰਵਾਦ ਪੈਦਾ ਕਰਦਾ ਹੈ| ਇਹ ਨਾਟਕ 19ਵੀਂ ਸਦੀ ਵਿੱਚ ਘਟਿਤ ਘਟਨਾਵਾਂ ਨਾਲ ਸੰਬੰਧਿਤ ਹੈ| ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਸੰਤ ਗੁਲਾਬ ਦਾਸ ਅਤੇ ਪੀਰੋ ਦੇ ਉੱਪਰ ਕੇਂਦਰਿਤ ਇਹ ਰਚਨਾ ਇੰਨੀ ਜਟਿਲ ਹੈ ਕਿ ਇਹ ਔਰਤ ਦੀ ਮੁਕਤੀ ਦਾ ਬਿਰਤਾਂਤ ਪ੍ਰਤੀਤ ਹੁੰਦੀ ਹੋਈ ਔਰਤ ਦੀ ਮਰਦ ਪ੍ਰਧਾਨ ਸਮਾਜ ਨਾਲ ਟੱਕਰ ਦੀ ਪੇਸ਼ਕਾਰੀ ਕਰਦੀ ਹੈ |ਇਸੇ ਗੱਲ ਦੀ ਸਪਸ਼ਟਤਾ ਡਾ. ਇਕਬਾਲ ਸਿੰਘ ਗੋਦਾਰਾ ਦੇ ਵਿਚਾਰ ਕਰਦੇ ਹਨ ਕਿ

*"ਸ਼ਾਇਰੀ ਨਾਟਕ ਔਰਤ ਦੇ ਹੋਂਦਮੂਲਕ ਸਰੋਕਾਰ ਦੀ ਗੱਲ ਕਰਦਾ ਹੋਇਆ ਕਈ ਸਾਰੇ ਮਸਲਿਆਂ ਦੀਆਂ ਪਰਤਾਂ ਨੂੰ ਖੋਲ੍ਹਦਾ ਹੈ|"* [2]

ਔਰਤ ਦੀ ਮੁਕਤੀ ਦਾ ਮਸਲਾ ਇਸ ਨਾਟਕ ਦਾ ਕੇਂਦਰੀ ਤੱਤ ਹੈ| ਆਇਸ਼ਾ ਜੋ ਕਿ ਨਿਮਨ ਜਾਤ ਤੇਲੀਆਂ ਵਿੱਚੋਂ ਹੈ, ਉਸਨੂੰ ਮੁਢਲੀ ਤਾਲੀਮ ਲਈ ਮੌਲਵੀ ਕੋਲ ਭੇਜਿਆ ਜਾਂਦਾ ਹੈ ਜਿੱਥੇ ਉਹ ਬੁੱਲੇ ਸ਼ਾਹ ਬਾਬਾ ਫਰੀਦ ਦੇ ਕਲਾਮਾਂ ਬਾਰੇ ਜਾਣੂ ਹੁੰਦੀ ਹੈ ਤੇ ਪੰਜੇ ਵਕਤ ਨਮਾਜ਼

ਪੜਦੀ ਹੈ | ਇੱਕ ਦਿਨ ਮਹਾਰਾਜਾ ਰਣਜੀਤ ਸਿੰਘ ਦੇ ਘੋੜਚੜ੍ਹੇ ਰਹਿਮਤ ਅਲੀ ਨਾਲ ਦੌੜ ਜਾਂਦੀ ਹੈ| ਰਹਿਮਤ ਅਲੀ ਉਸਨੂੰ ਆਪਣੀ ਨੌਕਰੀ ਬਚਾਈ ਰੱਖਣ ਲਈ ਇਲਾਹੀ ਬਖਸ਼ ਕੋਲ ਨਜ਼ਰਾਨੇ ਵਜੋਂ ਸੌਂਪ ਦਿੰਦਾ ਹੈ |ਜਦੋਂ ਇਲਾਹੀ ਬਖਸ਼ ਕਿਸੇ ਮੁਹਿੰਮ ਤੇ ਚਲਾ ਜਾਂਦਾ ਹੈ ਤਾਂ ਆਇਸ਼ਾ ਕਿਸੇ ਫਕੀਰ ਨਾਲ ਤੁਰ ਜਾਂਦੀ ਹੈ| ਆਇਸ਼ਾ ਕਦਮ ਦਰ ਕਦਮ ਤੁਰਦੀ ਅੰਤਿਮ ਠਾਹਰ ਸੰਤ ਗੁਲਾਬ ਦਾਸ ਕੋਲ ਪਾਉਂਦੀ ਹੈ ਜਿੱਥੇ ਉਹ ਦਿਲੋਂ ਜਾਨ ਉਸਦੀ ਹੋ ਕੇ ਰਹਿ ਜਾਂਦੀ ਹੈ ਕਿਉਂਕਿ ਗੁਲਾਬ ਦਾਸ ਕੋਲ ਹੀ ਉਸਨੂੰ ਸਵੈ ਪਛਾਣ ਮਿਲਦੀ ਹੈ| ਉਹ ਆਇਸ਼ਾ ਤੋਂ ਪੀਰੋ ਗੁਲਾਬ ਦਾਸ ਦੇ ਡੇਰੇ ਵਿੱਚ ਬਣਦੀ ਹੈ ਤੇ ਸਵੈ ਦੀ ਪਛਾਣ ਲਈ ਫਿਊਡਲੀ ਸਮਾਜ ਵਿੱਚ ਅੱਗੇ ਤੋਂ ਅੱਗੇ ਮਰਦਾਂ ਦੇ ਹੱਥਾਂ ਵਿੱਚ ਸਿਰਫ ਤਨ ਦੇ ਸਦਕਾ ਹੀ ਸਫਰ ਕਰਦੀ ਹੈ|

ਸਧਾਰਨ ਔਰਤ ਤੋਂ ਵੱਧ ਆਪਣੀ ਹੋਂਦ ਪ੍ਰਤੀ ਚਿੰਤਤ ਆਇਸ਼ਾ ਦਾ ਸ਼ਾਇਰੀ ਕਰਨਾ, ਨਮਾਜ਼ ਪੜ੍ਹਨਾ, ਫਿਊਡਲੀ ਸਮਾਜ ਦੇ ਅੰਸ਼ ਰਹਿਮਤ ਅਲੀ ਲਈ ਘਬਰਾਹਟ ਤੇ ਚਿੰਤਾ ਦਾ ਕਾਰਨ ਬਣ ਜਾਂਦਾ ਹੈ ਕਿ ਆਇਸ਼ਾ ਜੋ ਕਿ ਧਰਮ ਜਾਤ ਸਮਾਜ ਦੀ ਪਰਵਾਹ ਕੀਤੇ ਬਿਨਾਂ ਇਹਨਾਂ ਕੰਮਾਂ ਨੂੰ ਤੋੜਦੀ ਰਹਿਮਤ ਅਲੀ ਨਾਲ ਭੱਜ ਜਾਂਦੀ ਹੈ,ਮੌਲਵੀ ਤੋਂ ਗਿਆਨ ਹਾਸਲ ਕਰਕੇ ਆਪ ਇੱਕ ਚੇਤਨ ਔਰਤ ਹੈ |ਇਹੀ ਚੇਤਨਾ ਜੋ ਕਿ ਉਸਨੂੰ ਸ਼ਾਇਰੀ ਵੱਲ ਲੈ ਆਈ ਹੈ ਪਰ ਰਹਿਮਤ ਅਲੀ ਮਰਦਾਨ ਵੀ ਹੈਂਕੜ ਦਾ ਭਰਿਆ ਹੋਇਆ ਔਰਤ ਨੂੰ ਵਸਤੂ ਸਮਾਨ ਸਮਝਦਾ ਹੈ| ਉਸ ਨੂੰ ਆਇਸ਼ਾ ਦਾ ਸ਼ਾਇਰੀ ਕਰਨਾ ਪਸੰਦ ਨਹੀਂ ਹੈ ਜਿਸ ਦੀ ਸਪਸ਼ੱਟਤਾ ਹੇਠ ਲਿਖੀਆਂ ਸਤਰਾਂ ਤੋਂ ਹੁੰਦੀ ਹੈ |

*"ਸੁਣ ਕੇ ਸ਼ਾਇਰੀ ਔਰਤ ਮੂੰਹੋਂ ਹੋਇਆ ਮਰਦ ਹੈਰਾਨ*

*ਔਰਤ ਇਲਮ ਦਾ ਕੀ ਹੈ ਰਿਸ਼ਤਾ*

*ਬਹੁਤ ਹੀ ਪਸ਼ੇਮਾਨ*

*ਔਰਤ ਤਾਂ ਹੈ ਮਰਦ ਦੀ ਖੇਤੀ*

*ਉੱਚਾ ਮਰਦ ਮੁਕਾਮ*

*ਉਸਨੇ ਤੱਕੇ ਪਹਿਲੀ ਵਾਰੀ*

*ਐਸੇ ਸੁਖਨ ਨਿਸ਼ਾਨ*

*ਕੈਸੇ ਕੈਸੇ ਬੋਲ ਅਲਾਏ*

*ਡੂੰਗੀ ਨਾਰ ਜੁਬਾਨ*

*ਤਾਰੂ ਤਮ ਦੇ ਦਰਿਆਵਾਂ ਦਾ*

*ਵੇਖੋ ਹੈ ਪਰੇਸ਼ਾਨ!"* [3]

ਰਹਿਮਤ ਅਲੀ ਅਨੁਸਾਰ ਸ਼ਾਇਰੀ ਕਰਨਾ,ਲਿਖਣਾ, ਪੜਨਾ ਕੁੜੀਆਂ ਚਿੜੀਆਂ ਦਾ ਕੰਮ ਨਹੀਂ| ਆਇਸ਼ਾ ਦਾ ਬੰਦ ਜੋੜਨਾ ਉਸ ਨੂੰ ਬਰਦਾਸ਼ਤ ਨਹੀਂ | ਔਰਤ ਵੱਲੋਂ ਕੀਤੀ ਗਈ ਆਪਸੀ ਗੱਲਬਾਤ ਦੀਆਂ ਸਤਰਾਂ ਰਾਹੀਂ ਵੀ ਇਹੀ ਦੱਸਿਆ ਗਿਆ ਹੈ ਕਿ ਤੀਵੀਂ ਸ਼ਾਇਰੀ ਕਰੇ ਤਾਂ ਕੁਫਰ ਹੈ:

*"ਕੁਫਰ ਕਮਾਇਆ ਔਰਤ ਨੇ ਪਈ*

*ਹਰਫ ਕਾਗਦ ਤੇ ਪਾਇਆ*

*ਔਰਤ ਤਾਂ ਹੈ ਮਰਦ ਦੀ ਖੇਤੀ*

*ਇਹੋ ਹੁਕਮ ਭੁਲਾਇਆ*

*ਬੈਠਾ ਕੀ ਹੈ ਸ਼ਬਦ ਇਹ ਉਹਲੇ*

*ਢੱਕਣਾ ਉਸਨੇ ਚਾਹਿਆ*

*ਇਸ ਢੂੰਡ ਵਿੱਚ ਕੋਈ ਨਾ ਬੇਲੀ*

*ਨਾਲ ਕੋਈ ਨੀ ਆਇਆ*

*ਉੱਚੀ ਉਡੀ ਅੰਬਰਾਂ ਦੇ ਵਿੱਚ*

*ਨਾਮ ਸੁਖਨਵਰ ਪਾਇਆ"[4]*

ਔਰਤ ਸਦੀਆਂ ਤੋਂ ਮਰਦ ਦੇ ਅਧੀਨ ਰਹਿੰਦੀ ਆਈ ਹੈ ਜੋ ਕਿ ਇਕ ਜਗੀਰਦਾਰੀ ਸਮਾਜ ਦੀ ਦੇਣ ਹੈ ਕਿਉਂਕਿ ਇਹ ਇੱਕ ਮਰਦ ਪ੍ਰਧਾਨ ਸਮਾਜ ਹੈ ਜਿਸ ਵਿੱਚ ਔਰਤ ਨੂੰ ਨੀਵਾਂ ਅਤੇ ਮਰਦ ਨੂੰ ਉੱਚਾ ਦਰਜਾ ਦਿੱਤਾ ਗਿਆ ਹੈ| ਜਿੱਥੋਂ ਤੱਕ ਕਿ ਆਮ ਲੋਕ ਜਾਂ ਔਰਤਾਂ ਵੀ ਇਹੀ ਸਮਝਦੀਆਂ ਹਨ ਕਿ ਮਰਦ ਉੱਚਾ ਹੈ ਇਸੇ ਤਰ੍ਹਾਂ ਜਗੀਰਦਾਰੀ ਸਮਾਜ ਵਿੱਚ ਸ਼ਾਇਰੀ ਕਰਨਾ ਵੀ ਕੇਵਲ ਮਰਦ ਦਾ ਹੀ ਅਧਿਕਾਰ ਮੰਨਿਆ ਗਿਆ ਹੈ ਜਿਸ ਤੇ ਔਰਤ ਜਾਤੀ ਦਾ ਇਲਮ ਤਾਲੀਮ ਦੇ ਖਿਲਾਫ ਤੇ ਔਰਤ ਦੇ ਸ਼ਾਇਰੀ ਰਚਣ ਨੂੰ ਕੁਫ਼ਰ ਮੰਨਿਆ ਜਾਂਦਾ ਹੈ ਇਸੇ ਇਸੇ ਲਈ ਜਦੋਂ ਆਇਸ਼ਾ ਬੰਦ ਜੋੜਦੀ ਹੈ ਤਾਂ ਇਲਾਹੀ ਬਖਸ਼ ਉਸ ਨੂੰ ਅਜਿਹਾ ਕਰਨ ਤੋਂ ਰੋਕਦਾ ਹੈ :

ਇਥੇ ਡਾ. ਮਨਮੋਹਨ ਸਿੰਘ ਦੇ ਵਿਚਾਰ ਗੌਲਣ ਯੋਗ ਹਨ ਕਿ

*"ਸਮਾਜ, ਸੱਤਾ ਤੇ ਪਿਤਰਕੀ ਦੇ ਦਾਬੇ ਨੂੰ ਇਹ ਕਤਈ ਬਰਦਾਸ਼ਤ ਨਹੀਂ ਕਿ ਨਾਰੀ ਇਲਮ, ਸੁਖਨ, ਫਲ ਦੀ ਸਾਧਨਾ ਕਰੇ, ਕਿਉਂਕਿ*

*ਇਸ ਅਧਿਕਾਰ ਖੇਤਰ ਚ ਪਿਤਰਕੀ/ਮਰਦ ਦੀ ਸੱਤਾ ਸ਼ਕਤੀ ਵਿਆਪਤ ਹੈ|"[5]*

ਕਿਉਂਕਿ ਮਰਦ ਆਪਣੇ ਆਪ ਨੂੰ ਉੱਚਾ ਸਮਝਦਾ ਹੋਇਆ ਸ਼ਾਇਰੀ ਦਾ ਅਧਿਕਾਰ ਵੀ ਆਪ ਲਈ ਮੰਗਦਾ ਹੈ ਤੇ ਆਇਸ਼ਾ ਦਾ ਸ਼ਾਇਰੀ ਕਰਨਾ ਮਰਦ ਸੱਤਾ ਤੋਂ ਬਾਹਰ ਹੋਣਾ ਹੈ| ਇਥੇ ਗਾਇਕ ਮੰਡਲੀ ਦੇ ਇਹ ਬੋਲ ਜਗੀਰਦਾਰ ਮਾਨਸਿਕਤਾ ਨੂੰ ਪੇਸ਼ ਕਰਦੇ ਹਨ|

ਪਰ ਆਇਸ਼ਾ ਇਥੇ ਮਰਦ ਅੱਗੇ ਝੁਕਦੀ ਨਹੀਂ ਸਗੋਂ ਉਹ ਇਸ ਜਗੀਰਦਾਰੀ ਸਮਾਜ ਅਤੇ ਮਰਦ ਦੀ ਹਉਮੈ ਨੂੰ ਵੰਗਾਰਦੀ ਹੈ ਅਤੇ ਵਿਦਰੋਹ ਕਰ ਜਾਂਦੀ ਹੈ ਜਿਸ ਤੇ ਉਹ ਔਰਤ ਦੀ ਮੁਕਤੀ ਦੇ ਲਈ ਖੜ੍ਹੇ ਉੱਠਦੀ ਹੈ ਇਸ ਤਰਾਂ ਉਹ ਅਮੀਰ ਇਲਾਹੀ ਬਖਸ਼ ਨੂੰ ਛੱਡ ਕੇ ਸੰਤ ਗੁਲਾਬ ਦਾਸ ਦੇ ਡੇਰੇ ਤੇ ਜਾਂਦੀ ਹੈ ਉਹ ਇਲਾਹੀ ਬਖਸ਼ ਦੇ ਕਿਸੇ ਵੀ ਧਨ ਦੌਲਤ ਨੂੰ ਸਵੀਕਾਰ ਨਹੀਂ ਕਰਦੀ ਸਗੋਂ ਆਪਣੇ ਅਕੀਦੇ 'ਤੇ ਅਟਲ ਸਥਾਪਤੀ ਤੋਂ ਵਿਦਰੋਹ ਕਰਦੀ ਹੈ | ਕੁਲਦੀਪ ਸਿੰਘ ਧੀਰ ਦੇ ਵਿਚਾਰ ਇਹਨਾਂ ਵਿਸ਼ਿਆਂ ਨੂੰ ਸਪਸ਼ਟ ਕਰਦੇ ਹਨ :

*"ਉਹ ਵਜੂਦ ਤੇ ਹਸਤੀ ਦੇ ਮਾਅਨੇ ਸਮਝਣ, ਸਮਝਾਣ ਵਾਲੀ ਸ਼ਾਇਰੀ ਕਰਦੀ ਹੈ|' ਮੈਂ ਕੌਣ ਹਾਂ ਤੇ 'ਮਾਲਿਕ' ਕੌਣ ਹੈ? ਕੀ ਹੈ ਪੀਰੀ ਤੇ ਕੀ ਹੈ ਫਕੀਰੀ? ਸਮਝ,ਸੁਖਨ ਤੇ ਇਲਮ ਦੇ ਅਰਥ। ਉਦੇਸ਼ ਕੀ ਹਨ?"[6]*

ਜਗੀਰਦਾਰੀ ਸਮਾਜ ਵਿੱਚ ਔਰਤ ਨੂੰ ਇੱਕ ਵਸਤੂ ਸਮਾਨ ਹੀ ਸਮਝਿਆ ਜਾਂਦਾ ਹੈ ਭਾਵੇਂ ਉਹ ਨੀਵੀਂ ਜਾਤ ਦੀ ਹੈ ਜਾਂ ਫਿਰ ਤਾਕਤ ਦੇ ਆਸਰੇ ਖਰੀਦੀ ਹੋਵੇ ਜਾਂ ਕੱਢ ਕੇ ਲਿਆਂਦੀ ਹੋਵੇ ਉਹ ਸਿਰਫ ਸਭ ਦੇ ਕਾਰਨ ਹੀ ਅਰਥ ਭਰਪੂਰ ਹੈ ਜਿਸ ਨਾਲ ਉਹ ਕਿਸੇ ਮਰਦ ਦੀ ਕਾਮੁਕ ਤ੍ਰਿਪਤੀ ਦਾ ਸਾਧਨ ਹੈ ਇਥੇ ਔਰਤ ਦੀ ਕਾਮਨਾ ਇੱਛਾ ਉਮੰਗਾਂ ਸੁਪਨਿਆਂ ਦਾ ਕੋਈ ਅਰਥ ਨਹੀਂ ਸਮਝਿਆ ਜਾਂਦਾ ਤੇ ਮਰਦ ਹਮੇਸ਼ਾ ਔਰਤ ਦੀ ਸ਼ਕਤੀ ਨੂੰ ਖਤਮ ਹੀ ਕਰਨਾ ਚਾਹੁੰਦਾ ਹੈ ਉਹ ਆਪਣੇ ਸਵਾਰਥ ਲਈ ਹੀ ਹਮੇਸ਼ਾ ਔਰਤ ਦਾ ਇਸਤੇਮਾਲ ਕਰਦਾ ਹੈ ਜਿਵੇਂ ਕਿ ਰਹਿਮਤ ਅਲੀ ਆਪਣੀ ਨੌਕਰੀ ਬਚਾਉਣ ਦੀ ਖਾਤਰ ਇਲਾਹੀ ਬਖਸ਼ ਨੂੰ ਆਇਸ਼ਾ ਨਜ਼ਰਾਨੇ ਵਜੋਂ ਭੇਟ ਕਰਦਾ ਹੈ ਜਿਸ ਤੇ ਉਹ ਕਹਿੰਦੀ ਹੈ :-

*"ਰਹਿਮਤਿਆ, ਇਹ ਕੀ ਕੀਤਾ ਤੂੰ! ਜੇ ਏਦਾਂ ਹੀ ਕਰਨੀ ਸੀ ਤਾਂ ਇਸ਼ਕ ਦਾ ਬਹਾਨਾ ਕਿਉਂ ਕੀਤਾ!"[7]*

ਰਹਿਮਤ ਅਲੀ ਅਤੇ ਇਲਾਹੀ ਬਖਸ਼ ਦੋਨੋਂ ਹੀ ਇਸ ਤਰ੍ਹਾਂ ਦੇ ਪਾਤਰ ਹਨ ਜੋ ਕਿ ਔਰਤ ਨੂੰ ਆਪਣੀ ਕਾਮ ਇੱਛਾ ਦੀ ਤ੍ਰਿਪਤੀ ਕਰਨ ਦਾ ਸਾਧਨ ਮੰਨਦੇ ਹਨ ਜਿਸ ਦੀ ਜਗ੍ਹਾ ਘਰ ਦੀ ਦਹਲੀਜ਼ ਦੇ ਅੰਦਰ ਹੀ ਹੈ ਤੇ ਉਸਨੂੰ ਆਪਣੇ ਸੁਪਨੇ ਸਿਰਜਣ ਦਾ ਕੋਈ ਅਧਿਕਾਰ ਨਹੀਂ ਆ| ਖਾਸ ਤੌਰ ਤੇ ਉਸਦਾ ਮਰਦ ਕੇਂਦਰਿਤ ਸਮਾਜ ਵਿੱਚ ਸ਼ਾਇਰੀ ਕਰਨਾ ਤਾਂ ਬਿਲਕੁਲ ਹੀ ਗਵਾਰਾ ਨਹੀਂ |ਇਲਾਹੀ ਬਖਸ਼ ਅਜਿਹਾ ਪਾਤਰ ਹੈ ਜੋ ਆਇਸ਼ਾ ਦੀ ਸ਼ਾਇਰੀ ਤਾਂ ਸੁਣਦਾ ਹੈ ਤਾਰੀਫ ਵੀ ਕਰਦਾ ਹੈ ਪਰ ਅੱਗੋਂ ਨਾ ਕਰਨ ਲਈ ਵਰਜਦਾ ਹੈ |

ਪਰ ਨਾਟਕ ਸ਼ਾਇਰੀ ਮਰਦ ਪ੍ਰਧਾਨ ਸਮਾਜ ਵਿੱਚ ਜਿੱਥੇ ਰਹਿਮਤ ਅਲੀ ਅਤੇ ਇਲਾਹੀ ਬਖਸ਼ ਜਿਹੀਆਂ ਧਿਰਾਂ ਦੀ ਸਿਰਜਣਾ ਔਰਤ ਨੂੰ ਭੋਗ ਵਿਲਾਸ ਦੀ ਵਸਤੂ ਸਮਝਦੇ ਹਨ |ਔਰਤ ਦੀਆਂ ਅੰਦਰਲੀਆਂ ਇੱਛਾਵਾਂ ਨੂੰ ਦਬਾਉਣ,ਉਸਦੀ ਵਜੂਦ ਨੂੰ ਮਸਲਣ ਦੀ ਕੋਸ਼ਿਸ਼ ਕਰਦੇ ਹਨ| ਉਥੇ ਹੀ ਦੂਜੇ ਪਾਸੇ ਅਜਿਹੀਆਂ ਧਿਰਾਂ ਵੀ ਉਭਾਰ ਕੇ ਸਾਹਮਣੇ ਲਿਆਉਂਦਾ ਹੈ ਜੋ ਕਿ ਔਰਤ ਨੂੰ ਮਰਦ ਦੇ ਬਰਾਬਰ ਦਾ ਅਧਿਕਾਰ ਦੇਣ ਦੇ ਪੱਖ ਵਿੱਚ ਹਨ |ਨਾਟਕ ਵਿੱਚ ਗੁਲਾਬ ਦਾਸ, ਨੂਰਦੀਨ, ਈਸਨ ਅਜਿਹੀ ਹੀ ਧਿਰ ਵਜੋਂ ਉਭਰਦੇ ਹਨ | ਇਸ ਗੱਲ ਦੀ ਸਪਸ਼ੱਟਤਾ ਹੇਠ ਲਿਖੀਆਂ ਸਤਰਾਂ ਤੋਂ ਹੋ ਜਾਂਦੀ ਹੈ :-

*" ਆਇਸ਼ਾ :ਪੀਰ ਜੀ ਤੁਹਾਡੇ ਸਾਹਮਣੇ...... ਮੇਰਾ ਕਲਾਮ ਤਾਂ ਤੁਹਾਡੇ ਕਲਾਮ ਤੱਕ ਪਹੁੰਚ ਵੀ ਨਹੀਂ ਸਕਦਾ!*

*ਗੁਲਾਬ ਦਾਸ : ਨਾ ਬੀਬੀ ਨਾ! ਸੁਖਨਵਰ ਇਦਾਂ ਕਹਿੰਦੇ ਚੰਗੇ ਨਹੀਂ ਲੱਗਦੇ..... ਕਲਾਮ ਤਾਂ ਮਨ ਦਾ ਬੋਲ ਹੁੰਦਾ ਏ.....ਤੇ ਸੁਖਨਵਰ ਵੱਡਾ ਹੋਵੇ ਜਾਂ ਛੋਟਾ!.... ਉਹਨਾਂ ਦੀ ਪੀੜ ਦਾ ਰੰਗ ਇੱਕੋ ਜਿਹਾ ਹੁੰਦਾ ਏ... ਬਸ ਇਹ ਬਹਿਸ ਬੰਦ ਕਰ ਤੇ ਆਪਣਾ ਕਲਾਮ ਸੁਣਾ!"* [8]

ਮੁਕਤੀ ਤੇ ਸੰਘਰਸ਼ ਦੇ ਇਸ ਸਫਰ ਦੌਰਾਨ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਲਈ ਘਰੋਂ ਭੱਜੀ ਆਇਸ਼ਾ ਰਹਿਮਤ ਅਲੀ ਦੁਆਰਾ ਦੁਰਕਾਰੀ ਜਾਂਦੀ ਹੈ ਅਤੇ ਇਲਾਹੀ ਬਖਸ਼ ਕੋਲ ਵਸਤੂ ਵਾਂਗ ਸੌਦੇਬਾਜ਼ੀ ਦੀ ਸ਼ਿਕਾਰ ਹੁੰਦੀ ਹੈ ਉੱਥੇ ਵੀ ਆਪਣੀ ਹੋਂਦ ਪ੍ਰਤੀ ਚੇਤੰਨ ਔਰਤ ਮਰਦ ਕੇਂਦਰਿਤ ਸੱਤਾ ਨਾਲ ਟੱਕਰ ਲੈਂਦੀ ਅਗਲੇ ਸਫਰ ਤੇ ਇਕੱਲੀ ਤੁਰਦੀ ਹੈ ਅਤੇ ਉਹ ਔਕੜਾਂ ਦਾ ਸਾਹਮਣਾ ਕਰਦੀ ਅਖੀਰ ਗੁਲਾਬ ਦਾਸ ਦੇ ਡੇਰੇ ਤੇ ਹੀ ਆਇਸ਼ਾ ਤੋਂ ਪੀਰੋ ਕਹਾਉਂਦੀ ਹੋਈ,ਇਸ ਸੰਘਰਸ਼ ਤੋਂ ਮੁਕਤੀ ਪ੍ਰਾਪਤ ਕਰਦੀ ਦਿਖਾਈ ਦਿੰਦੀ ਹੈ| ਪਰ ਉਥੇ ਵੀ ਵਿਰੋਧ ਦਾ ਸ਼ਿਕਾਰ ਹੁੰਦਿਆਂ ਅਖੀਰ ਗੁਲਾਬ ਦਾਸ ਤੇ ਪੀਰੋ ਛੜਯੰਤਰ ਦਾ ਸ਼ਿਕਾਰ ਹੁੰਦੇ ਹਨ ਪਰ ਇਹਨਾ ਦੀ ਮੌਤ ਪ੍ਰੇਰਨਾ ਸਰੋਤ ਹੋ ਨਿਬੜਦੀ ਹੈ | ਮੁਕਤੀ ਤੇ ਸੰਘਰਸ਼ ਦਾ ਸੰਕੇਤਕ ਚਿੰਨ੍ਹ ਦੇ ਰੂਪ 'ਚ ਨਜ਼ਰ ਆਉਂਦੀ ਅਤੇ ਨਾਟਕ ਦੇ ਅੰਤ ਦੀਆਂ ਸਤਰਾਂ ਵੀ ਇਸੇ ਵੱਲ ਸੰਕੇਤ ਕਰਦੀਆਂ ਹਨ :-

*"ਬਾਲੋ ਬਾਲੋ ਕੋਈ ਦੀਵਾ ਵੇ ਲੋਕੋ*

*ਹੋਵੇ ਦੂਰ ਹਨੇਰਾ*

*ਪੀਰ ਤੇ ਪੀਰੋ ਮਿਲੇ ਨੇ ਇੱਥੇ*

*ਇਹ ਦਾਸ ਗੁਲਾਬ ਦਾ ਡੇਰਾ*

*ਤਨ ਤੇ ਰੂਹ ਇੱਕ ਹੋਏ ਨੇ*

*ਵੱਖ ਕਰੇਗਾ ਕਿਹੜਾ*

*ਜਾਤ ਧਰਮ ਦੇ ਝੇੜੇ ਮੁੱਕੇ*

*ਸਾਂਝਾ ਭਇਆ ਬਸੇਰਾ*

*ਸ਼ਾਇਰ ਗੁਲਾਬ ਤੇ ਪੀਰੋ ਸ਼ਾਇਰਾ*

*ਸ਼ਾਇਰੀ ਸੁਖਨ ਸਵੇਰਾ*

*ਸ਼ਾਇਰੀ.. ..... ......*

*ਸ਼ਾਇਰੀ.. ..... ......*

*ਸ਼ਾਇਰੀ.. ...... ......"* [9]

ਇਸ ਤਰਾਂ ਅਸੀਂ ਕਹਿ ਸਕਦੇ ਹਾਂ ਸਵਰਾਜਬੀਰ ਨੇ ਸ਼ਾਇਰੀ ਨਾਟਕ ਰਾਹੀਂ ਸਮਕਾਲੀ ਸਮਾਜ ਉੱਪਰ ਵੀ ਕਰਾਰੀ ਚੋਟ ਮਾਰਦਿਆਂ ਟੇਢੇ ਰੂਪ 'ਚ ਸਮਾਜ ਦੀ ਬਿਮਾਰ ਮਾਨਸਿਕਤਾ ਦਾ ਪ੍ਰਗਟਾਅ ਕੀਤਾ ਹੈ ਤੇ ਆਇਸ਼ਾ ਭਾਵ ਪੀਰੋ ਦਮਨਕਾਰੀ ਸ਼ਕਤੀਆਂ ਦਾ ਵਿਦਰੋਹ ਕਰਦੀ ਇੱਕ ਚਿੰਨ੍ਹ ਬਣ ਕੇ ਉਭਰਦੀ ਨਜ਼ਰ ਆਉਂਦੀ ਹੈ |

## ਹਵਾਲੇ ਤੇ ਟਿੱਪਣੀਆਂ:


1. ਸੰਪਾਦਕ ਡਾ. ਹਰਜੋਧ ਸਿੰਘ ਸਵਰਾਜਬੀਰ ਦਾ ਨਾਟ ਜਗਤ ਪਿਤ੍ਰਕੀ ਪ੍ਰਬੰਧ ਨੂੰ ਲਲਕਾਰ, ਪੰਨਾ ਨੰਬਰ 109
2. ਉਹੀ, ਪੰਨਾ ਨੰਬਰ 95
3. ਸਵਰਾਜਬੀਰ,ਸ਼ਾਇਰੀ, ਪੰਨਾ ਨੰਬਰ 25
4. ਸਵਰਾਜਬੀਰ, ਸ਼ਾਇਰੀ,ਪੰਨਾ ਨੰਬਰ 32
5. ਕੇਵਲ ਧਾਲੀਵਾਲ, ਸਵਰਾਜਬੀਰ ਸਿਰਜਕ ਤੇ ਸਿਰਜਣਾ,ਪੰਨਾ ਨੰਬਰ 122
6. ਉਹੀ,ਪੰਨਾ ਨੰਬਰ 128
7. ਸਵਰਾਜਬੀਰ,ਸ਼ਾਇਰ,ਪੰਨਾ ਨੰਬਰ 46
8. ਉਹੀ, ਪੰਨਾ ਨੰਬਰ 109
9. ਉਹੀ, ਪੰਨਾ ਨੰਬਰ 184